
ਸਾਡੀ ਸਿਟੀ, ਸਾਡਾ ਪੈਸਾ, ਸਾਡਾ ਵੋਟ

## ਇੱਕ ਸੈਂਟ ਕਿਉਂ?



ਸਿਟੀ ਆਫ ਟੋਰਾਂਟੋ, ਕਿਸੇ ਵੀ ਸਰਕਾਰ ਦੀ ਤੁਲਨਾ ਵਿੱਚ ਸਭ ਤੋਂ ਅਧਿੱਕ ਸੇਵਾਵਾਂ ਪ੍ਰਦਾਨ ਕਰਦੀ ਹੈ ਜਿਹਨਾਂ ਨਾਲ ਸਾਡੇ ਜੀਵਨ ਦਾ ਦਰਜਾ ਵਧਦਾ ਹੈ। ਪੁਲਿਸ ਅਤੇ ਅੱਗ ਦੀਆਂ ਸੇਵਾਵਾਂ ਤੋਂ ਲੈ ਕੇ ਟੀ.ਟੀ.ਸੀ. ਅਤੇ ਸੜਕਾਂ ਤੱਕ। ਪਾਰਕ, ਸ਼ੈਲਟਰ ਅਤੇ ਮਕਾਨਾਂ ਤੋਂ ਲੈ ਕੇ ਰੀਸਾਈਕਲਿੰਗ, ਮਨੋਰੰਜਨ ਦੀਆਂ ਸੇਵਾਵਾਂ, ਲਾਇਬਰੇਰੀ ਅਤੇ ਹੋਰ ਵੀ ਬਹੁਤ ਕੁਝ।

ਲੇਕਿਨ ਫਿਲਹਾਲ ਦੋ ਇੱਛਾਵਾਂ ਦੇ ਵਿੱਚ ਕਾਫੀ ਵੱਡਾ ਆਰਥਿਕ ਫਾਸਲਾ ਹੈ - ਇੱਕ ਤਾਂ ਇਹ ਕਿ ਟੋਰਾਂਟੋ ਦੀ ਕੀ ਕੀ ਕਰਨ ਦੀ ਹੈਸੀਅਤ ਹੈ ਅਤੇ ਦੂਸਰੀ ਇਹ ਕਿ ਉਸਨੂੰ ਕੀ ਕਰਨਾ ਚਾਹੀਦਾ ਹੈ ਆਰਥਿਕ ਗਤੀਵਿਧੀਆਂ ਤੋਂ ਸ਼ਹਿਰ ਨੂੰ ਸੰਜੀਵ ਬਣਾਈ ਰੱਖਣ ਲਈ ਅਤੇ ਇੱਕ ਇਸ ਤਰ੍ਹਾਂ ਦੀ ਜਗ੍ਹਾ ਬਣਾਈ ਰੱਖਣ ਲਈ ਜਿੱਥੇ ਲੋਕ ਰਹਿਣਾਂ, ਕੰਮ ਕਰਨਾ ਅਤੇ ਖੇਲਣਾ-ਕੁੱਦਣਾ ਚਾਹੁੰਦੇ ਹਨ। 2005 ਵਿੱਚ, ਕੈਨੇਡਾ ਦੇ ਕਾਨਫਰੰਸ ਬੋਰਡ ਨੇ ਇਹ ਨਤੀਜਾ ਕੱਢਿਆ ਕਿ ਟੋਰਾਂਟੋ ਦੀ ਆਮਦਨੀ ਅਤੇ ਉਸ ਦਾ ਆਪਣਾ ਇਨਫਰਾਸਟਰੱਕਟਰ (ਢਾਂਚਾ) ਚਲਾਉਣ ਦੇ ਖਰਚ ਦੇ ਵਿੱਚ 1.1 ਬਿਲੀਅਨ ਡਾਲਰ ਦਾ ਸਲਾਨਾ ਅੰਤਰ ਹੈ। ਇਸ ਦਾ ਇਹ ਮਤਲਬ ਹੋਇਆ ਕਿ ਟੋਰਾਂਟੋ ਆਪਣੇ ਇਨਫਰਾਸਟਰੱਕਟਰ ਨੂੰ ਬਣਾਏ ਰੱਖਣ ਵਿੱਚ ਅਤੇ ਸ਼ਹਿਰ ਦੇ ਵਿਕਾਸ ਦੀਆਂ ਨਵੀਆਂ ਯੋਜਨਾਵਾਂ ਦੇ ਮਾਮਲੇ ਵਿੱਚ ਕਾਫੀ ਪਿਛੜਿਆ ਹੋਇਆ ਹੈ।



ਇਸ ਲਈ ਸਾਡੇ ਸ਼ਹਿਰ ਨੂੰ ਵਰਤਮਾਨ **ਜੀ.ਐੱਸ.ਟੀ.** ਵਿੱਚੋਂ ਇੱਕ ਸੈਂਟ ਹੁਣੇ ਚਾਹੀਦਾ ਹੈ! - ਇਹਨਾਂ ਸੇਵਾਵਾਂ ਨੂੰ ਬਣਾਈ ਰੱਖਣ ਲਈ ਅਤੇ ਸਾਡੀ ਜਨਸੰਖਿਆ ਦੇ ਵਧਣ ਦੇ ਕਾਰਨ ਨਵੀਆਂ ਸੇਵਾਵਾਂ ਵਿੱਚ ਲਾਗਤ ਲਗਾਉਣ ਲਈ।

ਟੋਰਾਂਟੋ - ਅਤੇ ਕੈਨੇਡਾ ਭਰ ਦੇ ਹੋਰ ਸ਼ਹਿਰ - ਫੈਡਰਲ ਸਰਕਾਰ ਤੋਂ ਮੰਗ ਕਰ ਰਹੇ ਹਨ ਕਿ ਉਹ ਵਰਤਮਾਨ ਜੀ.ਐੱਸ.ਟੀ. ਵਿੱਚੋਂ ਇੱਕ ਸੈਂਟ **ਵਾਪਸ** ਕਰੇ ਜੋ ਆਰਥਿਕ ਵਿਵਸਥਾ ਨੂੰ ਵਧਾਉਣ ਲਈ ਫੰਡਾਂ ਦਾ ਇੱਕ ਭਰੋਸੇਯੋਗ ਅਤੇ ਸਥਾਈ ਸਰੋਤ ਬਣ ਸਕੇ। ਸਾਡੇ ਸ਼ਹਿਰਾਂ ਵਿੱਚ ਲਾਗਤ ਲਗਾਉਣ ਦਾ ਮਤਲਬ ਹੈ ਕੈਨੇਡਾ ਵਿੱਚ ਲਾਗਤ ਲਗਾਉਣਾ।

ਟੋਰਾਂਟੋ ਜਿਹੇ ਸ਼ਹਿਰ - ਸਾਡੀ ਅਰਥ-ਵਿਵਸਥਾ ਨੂੰ ਮਜਬੂਤ ਬਣਾਈ ਰੱਖਦੇ ਹਨ, ਨੌਕਰੀਆਂ ਕਾਇਮ ਰੱਖਦੇ ਹਨ ਅਤੇ ਲਾਗਤ ਨੂੰ ਆਕਰਸ਼ਤ ਕਰਦੇ ਹਨ। ਇਸ ਨਾਲ ਸਾਨੂੰ ਸਾਰਿਆਂ ਨੂੰ ਫਾਇਦਾ ਹੁੰਦਾ ਹੈ, ਫਿਰ ਵੀ ਬਹੁਤ ਜਿਆਦਾ ਸੰਕੋਚਤ ਆਮਦਨੀ ਦੇ ਜਰੀਏ ਹੋਣ ਦੇ ਕਾਰਨ ਸ਼ਹਿਰਾਂ ਨੂੰ ਕਾਫੀ ਤਕਲੀਫ ਉਠਾਉਣੀ ਪੈਂਦੀ ਹੈ।

ਫੈਡਰਲ ਅਤੇ ਪ੍ਰਾਂਤੀ ਸਰਕਾਰਾਂ ਦੇ ਕੋਲ ਆਮਦਨੀ ਦੇ ਇਸ ਤਰ੍ਹਾਂ ਦੇ ਜਰੀਏ ਹਨ ਜੋ ਅਰਥ-ਵਿਵਸਥਾ ਦੇ ਨਾਲ ਹੀ ਵਧਦੇ ਹਨ, ਜਿਵੇਂ ਕਿ :

- **ਵਿਕਰੀ ਕਰ**
- **ਆਮਦਨੀ ਕਰ**
- **ਖਾਰਪੋਰੇਟ ਕਰ**
- **ਰਿਸੋਰਸ ਕਰ**
- **ਆਯਾਤ ਕਰ**

ਇਸ ਤਰ੍ਹਾਂ ਦੀ ਆਮਦਨੀ ਸ਼ਹਿਰਾਂ ਨੂੰ ਉਪਲੱਬਧ ਨਹੀਂ ਹੈ, ਅਤੇ ਪ੍ਰਾਪਰਟੀ ਟੈਕਸ ਜੋ ਸ਼ਹਿਰਾਂ ਲਈ ਆਮਦਨੀ ਦਾ ਮੁੱਖ ਜਰੀਆ ਹੈ ਇੱਕ ਸੀਮਾ ਤੱਕ ਹੀ ਕੰਮ ਕਰ ਸਕਦਾ ਹੈ। ਇਹ ਆਮਦਨੀ ਇੰਨੀ ਜਿਆਦਾ ਨਹੀਂ ਹੈ ਕਿ ਸ਼ਹਿਰ ਆਪਣਾ ਆਰਥਿਕ ਅਤੇ ਸਮਾਜਿਕ ਸਵਾਸਥ ਬਣਾਏ ਰੱਖਣ ਲਈ ਉਹ ਸਭ ਕਰੇ ਜੋ ਉਸਨੂੰ ਕਰਨਾ ਚਾਹੀਦਾ ਹੈ - ਵਰਤਮਾਨ ਸੇਵਾਵਾਂ ਨੂੰ ਬਣਾਏ ਰੱਖਣਾ, ਨਵੀਆਂ ਸੜਕਾਂ ਬਣਾਉਣਾ, ਪਬਲਿਕ ਟਰਾਂਜਟ ਵਿੱਚ ਉੱਨਤੀ ਕਰਨਾ ਅਤੇ ਨਾਲ ਹੀ ਸੋਸ਼ਲ ਸਰਵਿਸ ਜਿਹੀਆਂ ਸੇਵਾਵਾਂ ਲਈ ਪੈਸਾ ਖਰਚ ਕਰਨਾ ਜਿੰਨਾਂ ਤੇ ਪਹਿਲਾਂ ਕਦੇ ਪ੍ਰਾਂਤ ਕਰਿਆ ਕਰਦੇ ਸਨ। ਇਸ ਕਾਰਨ ਟੋਰਾਂਟੋ ਅਤੇ ਉਸ ਦੇ ਟੈਕਸ ਦੇਣ ਵਾਲਿਆਂ ਤੇ ਅਨਉਚਿੱਤ ਅਤੇ ਅਸਹਿਣਯੋਗ ਭਾਰ ਪਿਆ ਹੈ।

## ਇੱਕ ਸੈਂਟ ਤੋਂ ਤੁਹਾਡਾ ਕੀ ਮਤਲਬ ਹੈ?

ਅਸੀਂ ਆਪਣੇ ਹਰੇਕ ਇੱਕ ਡਾਲਰ ਖਰਚ ਕਰਨ ਤੇ 6 ਸੈਂਟ ਜੀ.ਐੱਸ.ਟੀ. ਦਿੰਦੇ ਹਾਂ। ਇਹ ਅੰਦੋਲਨ ਉਸ 6 ਸੈਂਟ ਵਿੱਚੋਂ ਇੱਕ ਸੈਂਟ ਵਾਪਸ ਮੰਗਦਾ ਹੈ। ਉਦਾਹਰਨ ਦੇ ਤੌਰ ਤੇ, ਜੇ ਤੁਸੀਂ ਇੱਕ ਡਾਲਰ ਦੀ ਕੋਈ ਚੀਜ ਖਰੀਦਦੇ ਹੋ ਤਾਂ ਤੁਸੀਂ 6 ਸੈਂਟ ਜੀ.ਐੱਸ.ਟੀ. ਦਿੰਦੇ ਹੋ। ਸਾਡੀ ਮੰਗ ਹੈ ਕਿ ਉਸ 6 ਸੈਂਟ ਵਿੱਚੋਂ ਇੱਕ ਸੈਂਟ ਕੈਨੇਡੀਅਨ ਸ਼ਹਿਰਾਂ ਨੂੰ ਵਾਪਸ ਦਿੱਤਾ ਜਾਵੇ। ਜੇ ਤੁਸੀਂ ਦੋ ਡਾਲਰ ਖਰਚ ਕਰਦੇ ਹੋ ਤਾਂ ਤੁਸੀਂ 12 ਸੈਂਟ ਜੀ.ਐੱਸ.ਟੀ. ਦਿੰਦੇ ਹੋ ਅਤੇ ਉਸਦਾ ਮਤਲਬ ਹੋਵੇਗਾ ਦੋ ਸੈਂਟ ਕੈਨੇਡੀਅਨ ਸ਼ਹਿਰਾਂ ਨੂੰ ਵਾਪਸ ਦਿੱਤੇ ਜਾਣਗੇ।

## ਵਰਤਮਾਨ ਜੀ.ਐੱਸ.ਟੀ. ਦਾ ਇੱਕ ਸੈਂਟ ਕਿਉਂ?

ਵਰਤਮਾਨ ਜੀ.ਐੱਸ.ਟੀ. ਦਾ ਇੱਕ ਸੈਂਟ ਸਾਡੇ ਸ਼ਹਿਰ ਨੂੰ ਲਗਭੱਗ 410 ਮਿਲੀਅਨ ਡਾਲਰ ਦੇਵੇਗਾ। ਇਸ ਸਥਾਈ ਅਤੇ ਵਿਸ਼ਵਾਸਯੋਗ ਆਮਦਨੀ ਦੇ ਜਰੀਏ ਨਾਲ ਸੜਕਾਂ ਪੱਕੀਆਂ ਬਣਾਈਆਂ ਜਾਣਗੀਆਂ, ਆਵਾਜਾਈ ਦੀਆਂ ਯੋਜਨਾਵਾਂ ਬਣਨਗੀਆਂ, ਟੋਰਾਂਟੋ ਨੂੰ ਹੋਰ ਅਧਿੱਕ ਸਾਫ ਅਤੇ ਹਰਿਆਲਾ ਬਣਨ ਵਿੱਚ ਸਹਾਇਤਾ ਮਿਲੇਗੀ ਅਤੇ ਰਿਕਰੇਅਸ਼ਨ ਸੈਂਟਰਸ, ਪਾਰਕ ਅਤੇ ਹੋਰ ਸ਼ਹਿਰੀ ਸੁਵਿਧਾਵਾਂ ਜਿਹੀਆਂ ਸੇਵਾਵਾਂ ਨੂੰ ਸਹਾਇਤਾ ਮਿਲੇਗੀ।

ਫੈਡਰਲ ਸਰਕਾਰ ਨੇ ਕਿਹਾ ਹੈ ਕਿ ***ਵਰਤਮਾਨ ਜੀ.ਐੱਸ.ਟੀ. ਨੂੰ ਘੱਟ ਕਰਨ ਦੀ ਗੁੰਜਾਇਸ਼ ਹੈ।*** ਟੋਰਾਂਟੋ - ਅਤੇ ਕੈਨੇਡਾ ਦੇ ਹੋਰ ਵੱਡੇ ਸ਼ਹਿਰਾਂ ਦਾ ਵਿਸ਼ਵਾਸ ਹੈ ਕਿ ਜੇ ਵਰਤਮਾਨ ਜੀ.ਐੱਸ.ਟੀ. ਨੂੰ ਘੱਟ ਕਰਨ ਦੀ ਗੁੰਜਾਇਸ਼ ਹੈ ਤਾਂ ਫਿਰ ਵਰਤਮਾਨ ਜੀ.ਐੱਸ.ਟੀ. ਵਿੱਚੋਂ ਇੱਕ ਸੈਂਟ ਸ਼ਹਿਰਾਂ ਦੀ ਉੱਨਤੀ ਲਈ ਲਾਗਤ ਦੇ ਰੂਪ ਵਿੱਚ ਲਗਾਉਣ ਦੀ ਵੀ ਗੁੰਜਾਇਸ਼ ਹੋਣੀ ਚਾਹੀਦੀ ਹੈ।

## ਕੀ ਵਰਤਮਾਨ ਜੀ.ਐੱਸ.ਟੀ. ਦਾ ਇੱਕ ਸੈਂਟ ਕਾਫੀ ਹੈ?



ਕੈਨੇਡਾ ਦੇ ਸ਼ਹਿਰ - ਜਿਸ ਵਿੱਚ ਟੋਰਾਂਟੋ ਵੀ ਸ਼ਾਮਲ ਹੈ, ਇਸ ਤਰ੍ਹਾਂ ਦੇ ਵਿਸ਼ਵਾਸਯੋਗ ਅਤੇ ਸਥਾਈ ਪੈਸਿਆਂ ਦੇ ਸਰੋਤ ਦੀ ਮੰਗ ਕਰ ਰਹੇ ਹਨ ਜੋ ਅਰਥ-ਵਿਵਸਥਾ ਦੇ ਨਾਲ ਵਧਦਾ ਹੋਵੇ। **ਵਰਤਮਾਨ ਜੀ.ਐੱਸ.ਟੀ.** ਇੱਕ ਇਸ ਤਰ੍ਹਾਂ ਦਾ ਹੀ ਸਰੋਤ ਹੈ, ਅਤੇ ਬਾਕੀ ਲੋਕ ਵੀ ਇਸ ਨਾਲ ਸਹਿਮਤ ਹਨ।

ਕਈ ਸਾਲਾਂ ਤੋਂ ਬੋਰਡ ਆਫ ਟਰੇਡ ਅਤੇ ਬਿਜਨੈੱਸ ਐਸੋਸੀਏਸ਼ਨ ਜਿਹੀਆਂ ਸੰਸਥਾਵਾਂ ਨੇ ਬਹਿਸ ਕੀਤੀ ਹੈ ਕਿ ਕੈਨੇਡੀਅਨ ਸ਼ਹਿਰਾਂ ਨੂੰ ਉਚਿੱਤ ਆਰਥਿਕ ਸਹਾਇਤਾ ਠੀਕ ਨਹੀਂ ਮਿਲਦੀ ਹੈ ਅਤੇ ਉਹਨਾਂ ਨੂੰ ਇਸ ਤਰ੍ਹਾਂ ਦੇ ਵਿਸ਼ਵਾਸਯੋਗ ਅਤੇ ਸਥਾਈ ਪੈਸਿਆਂ ਦੇ ਸਰੋਤ ਦੀ ਜਰੂਰਤ ਹੈ ਜੋ ਅਰਥ-ਵਿਵਸਥਾ ਦੇ ਨਾਲ ਵਧਦਾ ਹੋਵੇ। ਇਸ ਤਰ੍ਹਾਂ ਦੀ ਹੀ ਇੱਕ ਸੰਸਥਾ ਹੈ ਕਾਨਫਰੰਸ ਬੋਰਡ ਆਫ ਕੈਨੇਡਾ। ਉਹਨਾਂ ਦੀ ਰਿਪੋਰਟ ਦੇਖੋ: ***Mission Possible: Successful Canadian Cities*****.**

## ਸਿਟੀ ਕਿਹੜੀਆਂ ਕਿਹੜੀਆਂ ਸੇਵਾਵਾਂ ਪ੍ਰਦਾਨ ਕਰਦੀ ਹੈ ਅਤੇ ਪ੍ਰਾਪਰਟੀ ਟੈਕਸ ਕਿਵੇਂ ਖਰਚ ਕੀਤਾ ਜਾਂਦਾ ਹੈ?

ਪੁਲਿਸ ਤੋਂ ਲੈ ਕੇ ਟੀ.ਟੀ.ਸੀ. ਤੋਂ ਲੈ ਕੇ ਅੱਗ ਦੀਆਂ ਸੇਵਾਵਾਂ ਅਤੇ ਸ਼ੈਲਟਰ ਅਤੇ ਨਿਵਾਸ। ਸੋਸ਼ਲ ਸਰਵਿਸਜ ਤੋਂ ਲੈ ਕੇ ਫੌਰਸਟਰੀ, ਪਾਰਕਸ ਅਤੇ ਮਨੋਰੰਜਨ ਤੋਂ ਲੈ ਕੇ ਆਵਾਜਾਈ ਅਤੇ ਵੇਸਟ ਮੈਨੇਜਮੈਂਟ। ਇਹ ਥੋੜੇ ਜਿਹੇ ਉਦਾਹਰਨ ਹਨ ਉਹਨਾਂ ਸੇਵਾਵਾਂ ਦੇ ਜੋ ਸਿਟੀ ਆਫ ਟੋਰਾਂਟੋ ਤੁਹਾਨੂੰ ਪ੍ਰਦਾਨ ਕਰਦੀ ਹੈ।

2006 ਵਿੱਚ, ਔਸਤਨ ਟੈਕਸ ਦੇਣ ਵਾਲਿਆਂ ਨੇ 2,093 ਡਾਲਰ (5.74 ਡਾਲਰ ਪ੍ਰਤੀ ਦਿਨ) ਪ੍ਰਾਪਰਟੀ ਟੈਕਸ ਦਿੱਤਾ ਸੀ। ਦੇਖੋ, ਪ੍ਰਾਪਰਟੀ ਟੈਕਸ 2006 ਵਿੱਚ ਕਿਸ ਤਰ੍ਹਾਂ ਖਰਚ ਕੀਤਾ ਗਿਆ ਸੀ।

## ਇਹਨਾਂ ਮੁੱਦਿਆਂ ਦਾ ਸਾਹਮਣਾ ਕਰਨ ਲਈ ਸਿਟੀ ਨੂੰ ਕੀ ਕਰਨਾ ਜਰੂਰੀ ਹੈ?

ਤਿੰਨ ਗੱਲਾਂ ਹਨ ਜਿਹਨਾ ਦੀ ਮੰਗ ਟੋਰਾਂਟੋ - ਅਤੇ ਹੋਰ ਵੱਡੇ ਸ਼ਹਿਰਾਂ - ਨੇ ਕੀਤੀ ਹੈ ਤਾਂ ਕਿ ਫੰਡਾਂ ਦੇ ਇਹ ਮੁੱਦੇ ਹਮੇਸ਼ਾਂ ਲਈ ਸੁਲਝਾਏ ਜਾ ਸਕਣ:

1. **ਆਮਦਨੀ ਦਾ ਇੱਕ ਹਿੱਸਾ ਜੋ ਅਰਥ-ਵਿਵਸਥਾ ਦੇ ਨਾਲ ਵਧਦਾ ਹੋਵੇ ਜਿਵੇਂ ਕਿ ਵਰਤਮਾਨ ਜੀ.ਐੱਸ.ਟੀ. ਵਿੱਚੋਂ ਇੱਕ ਸੈਂਟ - ਇਹਨਾਂ ਸੇਵਾਵਾਂ ਨੂੰ ਬਣਾਈ ਰੱਖਣ ਲਈ ਅਤੇ ਸਾਡੀ ਜਨਸੰਖਿਆ ਦੇ ਵਧਣ ਦੇ ਕਾਰਨ ਨਵੀਆਂ ਸੇਵਾਵਾਂ ਵਿੱਚ ਲਾਗਤ ਲਗਾਉਣ ਲਈ ਚਾਹੀਦਾ ਹੈ।**
2. **ਕਰਤੱਵ ਅਤੇ ਜੁੰਮੇਵਾਰੀਆਂ ਵਿੱਚ ਪਰਵਰਤਨ ਤਾਂ ਕਿ ਉਹ ਸ਼ਹਿਰਾਂ ਨੂੰ ਉਪਲੱਬਧ ਧੰਨਰਾਸ਼ੀ ਦੇ ਮੁਕਾਬਲੇ ਵਿੱਚ ਹੋਣ - ਟੋਰਾਂਟੋ ਲਈ ਇਸਦਾ ਮਤਲਬ ਹੋਵੇਗਾ ਕਿ ਪ੍ਰਾਂਤ ਉਹਨਾਂ ਪ੍ਰੋਗਰਾਮਾਂ ਨੂੰ ਵਾਪਸ ਲੈ ਲਵੇ ਜੋ ਪਹਿਲਾਂ ਕਦੇ ਪ੍ਰਾਂਤ ਦੇ ਕੋਲ ਹੀ ਹੋਇਆ ਕਰਦੇ ਸਨ ਲੇਕਿਨ ਅੱਜ ਕੱਲ ਸਿਟੀ ਉਹਨਾਂ ਦਾ ਖਰਚ ਉਠਾ ਰਹੀ ਹੈ। ਟੋਰਾਂਟੋ 750 ਮਿਲੀਅਨ ਡਾਲਰ ਤੋਂ ਵੀ ਅਧਿੱਕ ਉਹਨਾਂ ਪ੍ਰੋਗਰਾਮਾਂ ਤੇ ਖਰਚ ਕਰਦਾ ਹੈ ਜੋ ਪਹਿਲਾਂ ਕਦੇ ਪ੍ਰਾਂਤ ਦੀ ਜੁੰਮੇਵਾਰੀ ਤੇ ਸੀ ਅਤੇ ਪ੍ਰਾਂਤ ਹੀ ਉਹਨਾਂ ਦਾ ਖਰਚ ਦੇਇਆ ਕਰਦਾ ਸੀ।**
3. **ਰਾਸ਼ਟਰੀ ਟਰਾਂਜਟ ਯੋਜਨਾ - ਜੀ.-8 ਦੇਸ਼ਾਂ ਵਿੱਚੋਂ ਕੈਨੇਡਾ ਹੀ ਇੱਕ ਅਜਿਹਾ ਦੇਸ਼ ਹੈ ਜਿੱਥੇ ਟਰਾਂਜਟ ਯੋਜਨਾ ਨਹੀਂ ਹੈ। ਟਰਾਂਜਟ ਦੇ ਲਈ ਸਥਾਈ ਅਤੇ ਦੀਰਘ-ਕਾਲੀਨ ਫੰਡਾਂ ਦੀ ਜਰੂਰਤ ਹੈ ਤਾਂ ਕਿ ਰੈਪਿਡ ਟਰਾਂਜਟ ਜਿਹੀਆਂ ਵਿਸ਼ਾਲ ਯੋਜਨਾਵਾਂ ਦਾ ਖਰਚ ਉਠਾਇਆ ਜਾ ਸਕੇ।**

## ਫੈਡਰਲ ਅਤੇ ਪ੍ਰਾਂਤੀ ਸਰਕਾਰਾਂ ਪਹਿਲਾਂ ਤੋਂ ਹੀ ਪੈਸਾ ਦਿੰਦੀਆਂ ਹਨ। ਉਹ ਪੂਰਾ ਕਿਉਂ ਨਹੀਂ ਪੈਂਦਾ?

ਫੈਡਰਲ ਅਤੇ ਪ੍ਰਾਂਤੀ ਸਰਕਾਰਾਂ ਸ਼ਹਿਰਾਂ ਨੂੰ ਪੈਸਾ ਜਰੂਰ ਦਿੰਦੀਆਂ ਹਨ। ਲੇਕਿਨ ਫਿਰ ਵੀ ਇਹਨਾਂ ਦੋ ਗੱਲਾਂ ਦੇ ਵਿੱਚ ਬਹੁਤ ਵੱਡਾ ਫੰਡਾਂ ਦਾ ਫਾਸਲਾ ਹੈ ਕਿ ਟੋਰਾਂਟੋ ਅਤੇ ਹੋਰ ਕੈਨੇਡੀਅਨ ਸ਼ਹਿਰ ਕੀ ਕਰ ਸਕਦੇ ਹਨ ਅਤੇ ਉਹਨਾਂ ਨੂੰ ਕੀ ਕਰਨਾ ਚਾਹੀਦਾ ਹੈ ਖੁਦ ਨੂੰ ਆਰਥਿਕ ਰੂਪ ਨਾਲ ਮਜਬੂਤ ਅਤੇ ਲਾਗਤ ਲਈ ਆਕਰਸ਼ਕ ਬਣਾਏ ਰੱਖਣ ਲਈ।



ਫੈਡਰਲ ਅਤੇ ਪ੍ਰਾਂਤੀ ਸਰਕਾਰਾਂ ਇਹ ਮਹਿਸੂਸ ਕਰਦੀਆਂ ਹਨ ਕਿ ਉਹ ਜੋ ਪੈਸਾ ਦਿੰਦੀਆਂ ਹਨ ਉਹ ਪੂਰਾ ਨਹੀਂ ਪੈਂਦਾ। ਸਾਲ ਦਰ ਸਾਲ ਪੈਚ (ਜੋੜ) ਲਗਾਉਣ ਜਿਹੇ ਪ੍ਰੋਗਰਾਮਾਂ ਨੇ ਕੈਨੇਡਾ ਦੀ ਤਸਵੀਰ ਖਿੱਚੀ ਹੈ ਕਿ ਉਹ "ਹਰ ਸਮੇਂ ਹੱਥ ਫੈਲਾਈ ਰੱਖਦਾ ਹੈ।" ਟੋਰਾਂਟੋ - ਹੋਰ ਕਈ ਸ਼ਹਿਰਾਂ - ਦੀ ਤਰ੍ਹਾਂ ਦੋ ਵਿੱਚੋਂ ਇੱਕ ਨੂੰ ਚੁਣਨਾ ਪੈਂਦਾ ਹੈ ਕਿ ਸਥਾਨੀ ਪ੍ਰੋਗਰਾਮਾਂ ਦੀ ਸਹਾਇਤਾ ਕਰਨ ਜਾਂ ਸੜਕਾਂ ਸੁਧਾਰਨ ਜਾਂ ਵਧਦੀ ਹੋਈ ਜਨਸੰਖਿਆ ਦੇ ਕਾਰਨ ਨਵੀਆਂ ਸੁਵਿਧਾਵਾਂ ਅਤੇ ਯੋਜਨਾਵਾਂ ਤੇ ਖਰਚ ਕਰਨ।

ਫੈਡਰਲ ਸਰਕਾਰ ਨੇ ਸ਼ਹਿਰਾਂ ਨੂੰ ਕੁਝ ਆਰਥਿਕ ਸਹਾਇਤਾ ਦਿੱਤੀ ਹੈ, ਹੌਲੀ ਹੌਲੀ ਗੈਸ ਟੈਕਸ ਨੂੰ ਆਪਸ ਵਿੱਚ ਵੰਡਣ ਦੇ ਰੂਪ ਵਿੱਚ (1.5 ਸੈਂਟ 2006 ਵਿੱਚ ਅਤ 2 ਸੈਂਟ 2007-08 ਵਿੱਚ) ਅਤੇ ਮਿਉਨਸਿਪੈਲਟੀਆਂ ਦੁਆਰਾ ਖਰੀਦੀਆਂ ਹੋਈਆਂ ਚੀਜਾਂ ਤੇ ਜੀ.ਐੱਸ.ਟੀ. ਵਾਪਸ ਕਰਕੇ।

ਓਨਟਾਰੀਓ ਸਰਕਾਰ ਨੇ ਵੀ ਟਰਾਂਜਟ, ਐੰਬੂਲੈਂਸ ਅਤੇ ਪਬਲਿਕ ਹੈੱਲਥ ਦੀਆਂ ਸੇਵਾਵਾਂ ਲਈ ਆਪਣੀ ਸਹਾਇਤਾ ਦੀ ਰਕਮ ਵਧਾ ਦਿੱਤੀ ਹੈ ਅਤੇ ਗੈਸ ਟੈਕਸ ਦਾ ਕੁਝ ਹਿੱਸਾ ਵੀ ਸਾਨੂੰ ਦਿੱਤਾ ਹੈ। ਇਸ ਤੋਂ ਇਲਾਵਾ ਕੁੱਝ ਇੱਕ ਵਾਰ ਦੀਆਂ ਆਰਥਿਕ ਸਹਾਇਤਾਵਾਂ ਵੀ ਦਿੱਤੀਆਂ ਹਨ ਤਾਂ ਕਿ ਟੋਰਾਂਟੋ ਦੀ ਸਾਲ ਦਰ ਸਾਲ ਦੀ ਬਜਟ ਦੀਆਂ ਉਹ ਸਮੱਸਿਆਵਾਂ ਕੁਝ ਘੱਟ ਸਕਣ ਜੋ ਉਹਨਾਂ ਪ੍ਰੋਗਰਾਮਾਂ ਦੇ ਕਾਰਨ ਪੈਦਾ ਹੋ ਗਈਆਂ ਹਨ ਜੋ ਪਹਿਲਾਂ ਕਦੇ ਪ੍ਰਾਂਤ ਸੰਭਾਲਿਆ ਕਰਦਾ ਸੀ।

ਸਿਟੀ ਅਤੇ ਪ੍ਰਾਂਤ ਲਗਾਤਾਰ ਉਹਨਾਂ ਸਮੱਸਿਆਵਾਂ ਅਤੇ ਉਹਨਾਂ ਦੇ ਹੱਲ ਦੇ ਬਾਰੇ ਵਿੱਚ ਗੱਲ ਕਰ ਰਹੇ ਹਨ ਜੋ ਉਹਨਾਂ ਪ੍ਰੋਗਰਾਮਾਂ ਦੇ ਕਾਰਨ ਪੈਦਾ ਹੋ ਗਈਆਂ ਹਨ ਜੋ ਪਹਿਲਾਂ ਕਦੇ ਪ੍ਰਾਂਤ ਸੰਭਾਲਿਆ ਕਰਦਾ ਸੀ। ਲੇਕਿਨ ਇਸ ਦਰਮਿਆਨ, ਪ੍ਰਾਪਰਟੀ ਟੈਕਸ ਅਤੇ ਸਿਟੀ ਇਹਨਾਂ ਦਾ ਖਰਚ ਉਠਾਈ ਜਾ ਰਹੇ ਹਨ।


## ਫੈਡਰਲ ਸਰਕਾਰ ਨੇ ਟੋਰਾਂਟੋ ਨੂੰ ਵਰਤਮਾਨ ਜੀ.ਐੱਸ.ਟੀ. ਵਿੱਚੋਂ ਇੱਕ ਸੈਂਟ ਦੇਣ ਤੋਂ ਪਹਿਲਾਂ ਹੀ ਸਾਫ "ਮਨ੍ਹਾ" ਕਰ ਦਿੱਤਾ ਹੈ। ਤੁਹਾਨੂੰ ਕਿਉਂ ਲਗਦਾ ਹੈ ਕਿ ਉਹ ਹੁਣ ਆਪਣਾ ਜਵਾਬ ਬਦਲਣਗੇ?

ਫੈਡਰਲ ਸਰਕਾਰ, ਕੈਨੇਡਾ ਦੇ ਸਭ ਤੋਂ ਵੱਡੇ ਸ਼ਹਿਰਾਂ ਵਿੱਚ ਰਹਿਣ ਵਾਲੇ ਲੋਕਾਂ ਦੀ ਜਾਇਜ ਜਰੂਰਤਾਂ ਨੂੰ ਅਣਦੇਖਿਆ ਨਹੀਂ ਕਰ ਸਕਦੀ ਹੈ। ਦਰਅਸਲ, ਸਰਕਾਰ ਨੇ ਇਹ ਮਹਿਸੂਸ ਕੀਤਾ ਹੈ ਕਿ ਗੈਸ ਟੈਕਸ ਦਾ ਕੁਝ ਹਿੱਸਾ ਵੰਡਣਾ ਉਹਨਾਂ ਦਾ ਇੱਕ ਬੇਹਤਰੀਨ ਫੈਸਲਾ ਸੀ, ਜਦੋਂ ਕਿ ਸ਼ੁਰੂਆਤ ਵਿੱਚ ਜਦੋਂ ਉਹਨਾਂ ਨਾਲ ਇਹ ਗੱਲਬਾਤ ਕੀਤੀ ਗਈ ਸੀ ਤਾਂ ਸਰਕਾਰ ਨੇ ਸਾਫ "ਨਾਂਹ" ਕਰ ਦਿੱਤੀ ਸੀ।

ਕੈਨੇਡਾ ਦੇ ਲਗਭੱਗ 80% ਲੋਕ ਸ਼ਹਿਰਾਂ ਵਿੱਚ ਰਹਿੰਦੇ ਹਨ, ਜਿਹਨਾਂ ਵਿੱਚ ਟੋਰਾਂਟੋ ਇਸ ਦੇਸ਼ ਦਾ ਸਭ ਤੋਂ ਵੱਡਾ ਸ਼ਹਿਰ ਹੈ। ਇਸ ਨੂੰ ਕੈਨੇਡਾ ਦਾ ਆਰਥਿਕ ਇੰਜਣ ਵੀ ਮੰਨਿਆ ਜਾਂਦਾ ਹੈ। ਜਿੰਨੀ ਰਕਮ ਉਹ ਪ੍ਰਾਂਤੀ ਅਤੇ ਫੈਡਰਲ ਸਰਕਾਰਾਂ ਤੋਂ ਸੇਵਾਵਾਂ ਲਈ ਪ੍ਰਾਪਤ ਕਰਦਾ ਹੈ ਉਸ ਤੋਂ ਕਈ ਗੁਣਾ ਬਿਲੀਅਨ ਆਮਦਨੀ ਉਹ ਪੈਦਾ ਕਰਦਾ ਹੈ।

ਇਹ ਸੰਭਾਵਨਾ ਕਿ ਫੈਡਰਲ ਸਰਕਾਰ ਇਸ ਬੇਨਤੀ ਨੂੰ ਠੁਕਰਾ ਸਕਦੀ ਹੈ, ਇਹ ਗੱਲ ਇਸ ਅੰਦੋਲਨ ਨੂੰ ਇੰਨਾਂ ਜਿਆਦਾ ਮਹੱਤਵਪੂਰਨ ਬਣਾਉਂਦੀ ਹੈ। ਜੇ ਨਿਕਟ ਭਵਿੱਖ ਵਿੱਚ ਫੈਡਰਲ ਚੋਣਾਂ ਹੋਣ ਤਾਂ, ਟੋਰਾਂਟੋ ਅਤੇ ਬਾਕੀ ਸਾਰੇ ਸ਼ਹਿਰਾਂ ਦੇ ਨਿਵਾਸੀਆਂ ਅਤੇ ਵਪਾਰੀਆਂ ਨੂੰ ਤਿਆਰ ਰਹਿਣਾ ਚਾਹੀਦਾ ਹੈ ਤਾਂ ਕਿ ਉਹ ਇਸ ਮਹੱਤਵਪੂਰਨ ਵਿਸ਼ੇ ਤੇ ਉਮੀਦਵਾਰਾਂ ਦੇ ਨਾਲ ਆਪਣੇ ਫੈਸਲੇ ਦੇ ਬਾਰੇ ਵਿੱਚ ਗੱਲਬਾਤ ਕਰ ਸਕਣ। ਇਸ ਅੰਦੋਲਨ ਦਾ ਨਤੀਜਾ ਭਲੇ ਕੁਝ ਵੀ ਹੋਵੇ, ਟੋਰਾਂਟੋ ਆਪਣੇ ਜਰੂਰੀ ਫੰਡਾਂ ਦੀ ਮੰਗ ਕਰਦਾ ਰਹੇਗਾ ਤਾਂ ਕਿ ਕੈਨੇਡਾ ਦਾ ਸਭ ਤੋਂ ਵੱਡਾ ਸ਼ਹਿਰ ਹੋਣ ਦੇ ਨਾਤੇ ਉਹ ਆਪਣੀਆਂ ਸੇਵਾਵਾਂ ਨੂੰ ਕਾਇਮ ਰੱਖ ਸਕੇ ਅਤੇ ਵਿਕਾਸ ਨੂੰ ਸਹਾਰਾ ਦੇ ਸਕੇ।

## ਟੋਰਾਂਟੋ ਆਪਣੀਆਂ ਜਰੂਰਤਾਂ ਦਾ ਖਰਚ ਖੁਦ ਕਿਉਂ ਨਹੀਂ ਉਠਾ ਸਕਦਾ?



ਪ੍ਰਾਪਰਟੀ ਟੈਕਸ ਦਾ ਮਕਸਦ ਇਹ ਕਦੇ ਨਹੀਂ ਸੀ ਕਿ ਉਸ ਵਿੱਚੋਂ ਉਹਨਾ ਚੀਜਾਂ ਤੇ ਖਰਚ ਕੀਤਾ ਜਾਵੇ ਜਿੰਨਾਂ ਤੇ ਟੋਰਾਂਟੋ ਅੱਜਕਲ ਕਰ ਰਿਹਾ ਹੈ। ਜੇ ਪ੍ਰਾਪਰਟੀ ਟੈਕਸ 1% ਵਧਦਾ ਹੈ ਤਾਂ ਸਿਟੀ ਨੂੰ ਸਿਰਫ 18 ਮਿਲੀਅਨ ਡਾਲਰ ਮਿਲਦੇ ਹਨ। ਕਿਉਂ? ਕਿਉਂਕਿ ਪ੍ਰਾਪਰਟੀ ਟੈਕਸ ਰੀਅਲ ਇਸਟੇਟ ਦੀਆਂ ਕੀਮਤਾਂ ਨਾਲ ਜੁੜੇ ਹੁੰਦੇ ਹਨ ਅਤੇ ਨਾਂ ਕਿ ਲੋਕਾਂ ਦੇ ਖਰਚ ਕਰਨ ਦੀ ਸਮਰੱਥਾ ਦੇ ਨਾਲ। ਉਪਭੋਗਤਾ ਦੇ ਤੌਰ ਤੇ ਵਿਅਕਤੀ ਦੀ ਖਰਚ ਕਰਨ ਦੀ ਸਮਰੱਥਾ ਹੀ ਅਰਥ-ਵਿਵਸਥਾ ਨੂੰ ਵਧਾਉਂਦੀ ਹੈ ਅਤੇ ਸਿਟੀ ਨੂੰ ਇਸ ਤਰ੍ਹਾਂ ਦੀ ਆਮਦਨੀ ਦੀ ਜਰੂਰਤ ਹੈ ਜੋ ਅਰਥ-ਵਿਵਸਥਾ ਦੇ ਨਾਲ ਵਧਦੀ ਰਹੇ।

ਦੂਸਰੀ ਤਰਫੋਂ, ਪ੍ਰਾਂਤ ਅਤੇ ਫੈਡਰਲ ਆਮਦਨੀ ਅਤੇ ਸੇਲਜ ਟੈਕਸ ਇਨਫਲੂਏਸ਼ਨ ਦੇ ਅਧਾਰ ਦੇ ਵਧਦੇ ਹਨ, ਜਿਵੇਂ ਜਿਵੇਂ ਅਰਥ-ਵਿਵਸਥਾ ਵਧਦੀ ਹੈ। ਪਿਛਲੇ ਕੁਝ ਸਾਲਾਂ ਵਿੱਚ ਸਿਟੀ ਦਾ ਅਨੁਮਾਨ ਹੈ ਕਿ ਟੋਰਾਂਟੋ ਵਿੱਚ ਜੀ.ਐੱਸ.ਟੀ. ਅਤੇ ਪੀ.ਐੱਸ.ਟੀ. ਦੀ ਇਕੱਠੀ ਕੀਤੀ ਰਕਮ ਹਰ ਸਾਲ 100 ਮਿਲੀਅਨ ਡਾਲਰ ਤੋਂ ਵੀ ਜਿਆਦਾ ਵਧੀ ਹੈ।

ਫੈਡਰਲ ਅਤੇ ਪ੍ਰਾਂਤੀ ਸਰਕਾਰਾਂ ਦੇ ਵਿਪਰੀਤ, ਟੋਰਾਂਟੋ ਦੀ ਆਮਦਨੀ ਪਿਛਲੇ ਕੁਝ ਸਾਲਾਂ ਵਿੱਚ ਬਹੁਤ ਹੀ ਘੱਟ ਵਧੀ ਹੈ। ਫਿਰ ਵੀ, ਟੋਰਾਂਟੋ ਬਿਜਨੈੱਸ ਅਤੇ ਟੂਰਿਜਮ ਵਧਾਉਣ ਲਈ, ਯੂ.ਐੱਸ. ਅਤੇ ਯੂਰਪ ਦੇ ਉਹਨਾਂ ਸ਼ਹਿਰਾਂ ਦਾ ਮੁਕਾਬਲਾ ਕਰਦਾ ਹੈ ਜਿਹਨਾਂ ਨੂੰ ਸਥਾਨੀ ਟੈਕਸ ਅਤੇ ਫੀਸ ਦੋਨਾਂ ਤੋਂ ਆਮਦਨੀ ਹੁੰਦੀ ਹੈ ਅਤੇ ਦੋਨੋ ਹੀ ਅਰਥ-ਵਿਵਸਥਾ ਦੇ ਨਾਲ ਵਧਦੇ ਜਾਂਦੇ ਹਨ। ਸਫਲ ਸ਼ਹਿਰਾਂ ਲਈ ਆਮਦਨੀ ਦਾ ਮਿਸ਼ਰਣ ਜਰੂਰੀ ਹੁੰਦਾ ਹੈ ਤਾਂ ਕਿ ਉਹ ਵੱਡੇ ਸ਼ਹਿਰਾਂ ਦੇ ਅਨੁਕੂਲ

ਸੁੱਖ ਸੁਵਿਧਾਵਾਂ ਬਣਾਈ ਰੱਖ ਸਕਣ। ਲੇਕਿਨ ਟੋਰਾਂਟੋ ਦਾ ਖਰਚ ਚਲਾਈ ਰੱਖਣ ਲਈ ਆਉਣ ਵਾਲੀ ਰਕਮ ਬਹੁਤ ਹੀ ਸੀਮਤ ਹੈ।

## ਕੀ ਨਵਾਂ *ਸਿਟੀ ਆਫ ਟੋਰਾਂਟੋ ਐਕਟ*, ਟੋਰਾਂਟੋ ਨੂੰ ਅਧਿਕਾਰ ਦਿੰਦਾ ਹੈ ਕਿ ਉਹ ਆਪਣੀ ਜਰੂਰਤ ਦਾ ਪੈਸਾ ਖੁਦ ਹੀ ਪੈਦਾ ਕਰ ਸਕੇ?

ਨਹੀਂ। ਇਸ ਐਕਟ ਦੀ ਰਚਨਾ ਇਸ ਲਈ ਕੀਤੀ ਗਈ ਹੈ ਤਾਂ ਕਿ ਉਹ ਟੋਰਾਂਟੋ ਵਿੱਚ ਇੱਕ ਬੇਹਤਰੀਨ ਅਤੇ ਅਧਿੱਕ ਜੁੰਮੇਵਾਰ ਸਰਕਾਰ ਬਣਾਉਣ ਲਈ ਜਰੂਰੀ ਪਰਾਵਰਤਨ ਲਿਆ ਸਕੇ। ਉਸ ਵਿੱਚ ਟੈਕਸ ਜਮ੍ਹਾਂ ਕਰਨ ਦੇ ਕੁਝ ਅਧਿਕਾਰ ਵੀ ਹਨ, ਲੇਕਿਨ ਟੈਕਸ ਉਹਨਾਂ ਜਿਆਦਾ ਕਦੇ ਵੀ ਨਹੀਂ ਵਧਾਇਆ ਜਾ ਸਕਦਾ ਜਿੰਨੇ ਦੀ ਜਰੂਰਤ ਉਹਨਾਂ ਪ੍ਰੋਗਰਾਮਾਂ ਤੇ ਖਰਚ ਕਰਨ ਲਈ ਸਥਾਈ ਰੂਪ ਨਾਲ ਚਾਹੀਦੀ ਹੈ ਜਿੰਨਾਂ ਦਾ ਖਰਚ ਪਹਿਲਾਂ ਕਦੇ ਪ੍ਰਾਂਤ ਉਠਾਇਆ ਕਰਦਾ ਸੀ ਅਤੇ ਹੁਣ ਸਿਟੀ ਉਠਾ ਰਹੀ ਹੈ, ਅਤੇ ਨਾਂ ਹੀ ਉਹ ਸਿਟੀ ਦੇ ਖਰਚ ਵਿੱਚ ਲੱਗਭੱਗ 1.1 ਬਿਲੀਅਨ ਦੀ ਕਮੀ ਨੂੰ ਪੂਰਾ ਕਰਨ ਲਈ ਚਾਹੀਦਾ ਹੈ।

## ਆਮਦਨੀ ਦੀਆਂ ਕਿਹੜੀਆਂ ਸਮੱਸਿਆਵਾਂ ਦਾ ਸਾਹਮਣਾ ਸਿਟੀ ਕਰ ਰਹੀ ਹੈ?

ਤੁਸੀਂ ਜਿੰਨੇ ਵੀ ਟੈਕਸ ਦਿੰਦੇ ਹੋ, ਪ੍ਰਾਂਤੀ ਅਤੇ ਫੈਡਰਲ ਅਤੇ ਪ੍ਰਾਪਰਟੀ ਟੈਕਸ - ਉਹਨਾਂ ਵਿੱਚੋਂ ਹਰ ਟੈਕਸ ਡਾਲਰ ਦਾ ਲੱਗਭੱਗ ਸਿਰਫ 8 ਸੈਂਟ ਤੁਹਾਡੀ ਸਥਾਨੀ ਸਿਟੀ ਦੇ ਕੋਲ ਵਾਪਸ ਜਾਂਦਾ ਹੈ। ਇਸ ਇੱਕ ਟੈਕਸ ਡਾਲਰ ਵਿੱਚੋਂ ਜੋ 8 ਸੈਂਟ ਮਿਲਦੇ ਹਨ ਉਸ ਵਿੱਚੋਂ ਹੀ ਮਿਉਨਸਿਪੈਲਟੀ ਨੂੰ ਕਈ ਜਰੂਰੀ ਸਥਾਨੀ ਸੇਵਾਵਾਂ ਤੇ ਖਰਚ ਕਰਨਾ ਪੈਂਦਾ ਹੈ ਜਿਵੇਂ ਕਿ ਕੁਝ ਉਦਾਹਰਨ ਲਈ ਪੁਲਿਸ, ਟਰਾਂਜਟ, ਅੱਗ ਅਤੇ ਐਮਰਜੈਂਸੀ ਸੇਵਾਵਾਂ, ਸੜਕਾਂ, ਪਾਰਕ, ਰਿਕਰੀਏਸ਼ਨ, ਵੇਸਟ ਮੈਨਜਮੈਂਟ ਅਤੇ ਰੀਸਾਈਕਲਿੰਗ।

ਕੈਨੇਡਾ ਦਾ ਸਭ ਤੋਂ ਵੱਡਾ ਸ਼ਹਿਰ ਹੋਣ ਦੇ ਨਾਤੇ, ਟੋਰਾਂਟੋ ਇਸ ਆਰਥਿਕ ਤਕਲੀਫ ਨੂੰ ਹੋਰਾਂ ਦੀ ਤੁਲਨਾ ਵਿੱਚ ਜਿਆਦਾ ਮਹਿਸੂਸ ਕਰਦਾ ਹੈ। ਸਾਡੀ ਆਮਦਨੀ ਹੋਰ ਸਰਕਾਰਾਂ ਦੀ ਆਮਦਨੀ ਦੀ ਬਰਾਬਰੀ ਨਹੀਂ ਕਰ ਸਕਦੀ ਹੈ, ਲੇਕਿਨ ਫਿਰ ਵੀ ਕੈਨੇਡਾ ਇਮੀਗਰੈਂਟਸ ਦੇ ਪਸੰਦ ਦੇ ਰਹਿਣ ਦੇ ਸਥਾਨਾਂ ਵਿੱਚੋਂ ਸਭ ਤੋਂ ਪਹਿਲੇ ਨੰਬਰ ਤੇ ਆਉਂਦਾ ਹੈ। ਅਸੀਂ ਦੇਸ਼ ਦੀ ਆਰਥਿਕ ਨਬਜ ਹਾਂ ਅਤੇ ਕੈਨੇਡਾ ਆਉਣ ਵਾਲੇ ਦੁਨੀਆਂ ਭਰ ਦੇ ਟੂਰੈਸਟਾਂ ਲਈ ਵੀ ਮਨਪਸੰਦ ਦਾ ਸਥਾਨ ਹੈ। ਸਾਡੀ ਜਨਸੰਖਿਆ ਲੱਗਭੱਗ 2.6 ਮਿਲੀਅਨ ਹੈ, ਲੇਕਿਨ ਹਰ ਦਿਨ ਦੇ ਹਿਸਾਬ ਨਾਲ ਸਾਡੇ ਸ਼ਹਿਰ ਵਿੱਚ 3 ਮਿਲੀਅਨ ਤੋਂ ਅਧਿੱਕ ਲੋਕ ਆਉਂਦੇ ਹਨ, ਅਰਥਾਤ ਇਹ ਲੋਕ ਇੱਥੇ ਘੁੰਮਣ ਜਾਂ ਕੰਮ ਕਰਨ ਆਉਂਦੇ ਹਨ, ਸਾਡੀਆਂ ਸੁੱਖ ਸੁਵਿਧਾਵਾਂ ਤੇ ਭਰੋਸਾ ਰੱਖਦੇ ਹਨ ਅਤੇ ਸਾਡੀਆਂ ਸੇਵਾਵਾਂ ਦਾ ਉਪਯੋਗ ਕਰਦੇ ਹਨ, ਲੇਕਿਨ ਉਹ ਟੋਰਾਂਟੋ ਵਿੱਚ ਰਹਿੰਦੇ ਨਹੀਂ ਹਨ।

## ਸਿਟੀ ਦੇ ਕਰਜ ਦੀ ਰਕਮ ਕਿਉਂ ਨਾਂ ਵਧਾਈ ਜਾਵੇ ਤਾਂ ਕਿ ਜਰੂਰਤ ਦੀਆਂ ਚੀਜਾਂ ਤੇ ਖਰਚ ਕੀਤਾ ਜਾ ਸਕੇ?

ਸਿਟੀ ਦੇ ਕਰਜ ਦਾ ਵਿਆਜ, ਪ੍ਰਾਪਰਟੀ ਟੈਕਸ ਦੇ ਬਿੱਲਾਂ ਦੀ ਰਕਮ ਵਿੱਚੋਂ ਦੂਜੇ ਨੰਬਰ ਤੇ ਆਉਂਦਾ ਹੈ, ਪਹਿਲਾ ਸਭ ਤੋਂ ਜਿਆਦਾ ਖਰਚ ਪੁਲਿਸ ਤੇ ਹੁੰਦਾ ਹੈ। ਦਰਅਸਲ, ਸਿਟੀ ਦੇ 2007 ਦੇ ਕੈਪੀਟਲ ਬਜਟ ਦਾ 37% ਭਾਗ ਕਰਜ ਲੈ ਕੇ ਪੂਰਾ ਕੀਤਾ ਜਾ ਰਿਹਾ ਹੈ। ਇਸ ਦਾ ਇਹ ਮਤਲਬ ਹੈ ਕਿ ਪ੍ਰਾਪਰਟੀ ਟੈਕਸ ਡਾਲਰ ਦਾ ਲੱਗਭੱਗ ਹਰ 13 ਸੈਂਟ ਵਿਆਜ ਚੁਕਾਉਂਣ ਤੇ ਜਾਂਦਾ ਹੈ ਅਤੇ 2007 ਵਿੱਚ ਟੋਰਾਂਟੋ ਦੇ ਕੁੱਲ ਖਰਚ ਦੀ ਰਕਮ 2.4 ਬਿਲੀਅਨ ਤੱਕ ਪਹੁੰਚਣ ਦੀ ਸੰਭਾਵਨਾ ਹੈ।

ਦੇਖੋ - ਟੋਰਾਂਟੋ ਦਾ capital budget plan. (**ਕੈਪੀਟਲ ਬਜਟ ਪਲਾਨ**।)

## ਸਿਟੀ ਆਪਣੇ ਇਨਫਰਾਸਟਰੱਕਟਰ ਦੇ ਖਰਚ ਲਈ ਆਪਣੇ ਰਿਜਰਵ ਦਾ ਪੈਸਾ ਕਿਉਂ ਨਹੀਂ ਇਸਤੇਮਾਲ ਕਰ ਸਕਦੀ?



ਸਿਟੀ, ਹਰ ਸਾਲ ਘਾਟੇ ਵਿੱਚ ਚੱਲ ਰਹੀ ਹੈ ਅਤੇ ਇਸ ਲਈ ਇਹ ਰਿਜਰਵ ਫੰਡ ਹੁੰਦਾ ਹੈ। ਉਸ ਨਾਲ ਸਿਟੀ ਨੂੰ ਵੱਡੇ ਵੱਡੇ ਔਜਾਰ ਖਰੀਦਣ ਜਾਂ ਐਮਰਜੈਂਸੀ ਲਈ ਪੈਸਾ ਮਿਲਦਾ ਹੈ।

ਸਿਟੀ, ਭੂਤਕਾਲ ਵਿੱਚ ਰਿਜਰਵ ਫੰਡ ਦਾ ਉਪਯੋਗ ਕਰ ਚੁੱਕੀ ਹੈ, ਉਹਨਾਂ ਪ੍ਰੋਗਰਾਮਾਂ ਦਾ ਬੋਝ ਘੱਟ ਕਰਨ ਲਈ ਜਿਹਨਾ ਲਈ ਪਹਿਲਾਂ ਕਦੇ ਪ੍ਰਾਂਤ ਖਰਚ ਕਰਦਾ ਸੀ ਅਤੇ ਹੁਣ ਸਿਟੀ ਨੂੰ ਖਰਚ ਕਰਨਾ ਪੈ ਰਿਹਾ ਹੈ ਅਤੇ ਉਸ ਦੇ ਨਾਲ ਇਨਫਰਾਸਟਰੱਕਟਰ ਨੂੰ ਵੀ ਕਾਇਮ ਰੱਖਣਾ ਪੈ ਰਿਹਾ ਹੈ। ਲੇਕਿਨ ਹੁਣ ਰਿਜਰਵ ਫੰਡ ਦਾ ਉਪਯੋਗ ਆਪਣੀ ਚਰਮਸੀਮਾ ਤੱਕ ਪਹੁੰਚ ਚੁੱਕਿਆ ਹੈ।

2007 ਵਿੱਚ ਕੈਪੀਟਲ ਬਜਟ ਦਾ 11% ਰਿਜਰਵ ਫੰਡ ਤੋਂ ਖਰਚ ਕੀਤਾ ਜਾਵੇਗਾ। ਇਸ ਸਭ ਦੇ ਬਾਵਜੂਦ ਕਿ ਟੋਰਾਂਟੋ ਦੇ ਰਿਜਰਵ ਫੰਡ ਦੀ ਰਕਮ ਪ੍ਰਾਂਤ ਦੇ ਔਸਤ ਤੋਂ ਬਹੁਤ ਘੱਟ ਹੈ ਅਤੇ ਅੰਦਾਜਾ ਹੈ ਕਿ ਇਸ ਵਿੱਚ 4 ਬਿਲੀਅਨ ਤੋਂ ਅਧਿੱਕ ਦੀ ਕਮੀ ਹੈ।

ਸਿਟੀ ਦੇ ਰਿਜਰਵ ਫੰਡ ਦੀ ਅਧਿੱਕ ਜਾਣਕਾਰੀ ਲਈ ਦੇਖੋ ਸਿਟੀ ਦਾ five-year fiscal plan (**ਫਾਈਵ ਯੀਅਰ ਫਿਸਕਲ ਪਲਾਨ**।)

## ਆਪਣੇ ਇਨਫਰਾਸਟਰੱਕਟਰ ਦਾ ਖਰਚ ਪੂਰਾ ਕਰਨ ਲਈ ਸਿਟੀ ਆਪਣੇ ਦੂਜੇ ਖਰਚ ਕਿਉਂ ਨਹੀਂ ਕੱਟਦੀ?

ਆਪਣੇ ਅਮਲਗਮੇਸ਼ਨ (ਇੱਕਤਰੀਕਰਨ) ਦੇ ਬਾਅਦ ਸਿਟੀ ਨੇ ਆਪਣੀ 1476 ਫੁੱਲ ਟਾਈਮ ਨੌਕਰੀਆਂ ਸਮਾਪਤ ਕੀਤੀਆਂ। ਸਿਟੀ ਦੁਆਰਾ ਚਲਾਏ ਜਾਣ ਵਾਲੇ ਪ੍ਰਾਂਤੀ ਪ੍ਰੋਗਰਾਮ ਚਲਾਉਣ ਲਈ ਵੀ ਕਰਮਚਾਰੀਆਂ ਦੀ ਜਰੂਰਤ ਹੁੰਦੀ ਹੈ। ਪ੍ਰਾਂਤ ਨੇ ਕੁਝ ਖਾਸ ਪ੍ਰੋਗਰਾਮਾਂ ਵਿੱਚ ਕੁਝ ਨਵੀਆਂ ਸੇਵਾਵਾਂ ਨੂੰ ਜਰੂਰੀ ਬਣਾ ਦਿੱਤਾ ਹੈ ਜਿਸ ਦੇ ਕਾਰਨ ਖਰਚ ਹੋਰ ਵੀ ਜਿਆਦਾ ਵਧ ਗਿਆ ਹੈ। ਅਤੇ ਜਿਵੇਂ ਜਿਵੇਂ ਸਾਡੇ ਸ਼ਹਿਰ ਦੀ ਜਨ- ਸੰਖਿਆ ਵਧੀ ਹੈ ਅਸੀਂ ਪੁਲਿਸ, ਪਬਲਿਕ ਹੈਂਲਥ ਅਤੇ ਟੀ.ਟੀ. ਸੀ. ਵਿੱਚ ਵੀ ਨੌਕਰੀਆਂ ਵਧਾਈਆਂ ਹਨ।

## ਅੰਦੋਲਨ ਦਾ ਸਮੱਰਥਨ ਕਰਨ ਲਈ ਮੈਂ ਕੀ ਕਰ ਸਕਦਾ ਹਾਂ?

ਆਪਣਾ ਸਮੱਰਥਨ ਪ੍ਰਦਰਸ਼ਤ ਕਰਨ ਦੇ ਕਈ ਤਰੀਕੇ ਹਨ। ਤੁਸੀਂ ਇਹ ਕਰ ਸਕਦੇ ਹੋ:

- **www.onecentnow.ca ਵਿੱਚ ਜਾ ਕੇ ਪੈਟੀਸ਼ਨ (ਬੇਨਤੀ) ਤੇ ਹਸਤਾਖਰ ਕਰੋ**
- **ਆਪਣੇ ਐਮ. ਪੀ., ਪ੍ਰਧਾਨ ਮੰਤਰੀ ਜਾਂ ਵਿਰੋਧੀ ਦਲ ਦੇ ਨੇਤਾ ਨੂੰ ਪੱਤਰ ਲਿਖੋ। ਆਪਣੇ ਐਮ. ਪੀ. ਨੂੰ ਦੱਸੋ ਕਿ ਤੁਸੀਂ ਵਰਤਮਾਨ ਜੀ.ਐਸ.ਟੀ. ਵਿੱਚੋਂ ਇੱਕ ਸੈਂਟ ਸਿਟੀ ਨੂੰ ਵਾਪਸ ਕਰਨ ਦਾ ਸਮੱਰਥਨ ਕਰਦੇ ਹੋ**
- **ਬੰਪਰ ਸਟਿੱਕਰ ਮੰਗਾਓ, ਪਿੰਨ ਪਹਿਨੋ ਜਾਂ ਮੇਲ ਬਾਕਸ ਸਟਿੱਕਰ ਮੰਗਾਓ, ਅਤੇ**
- **ਜੇ ਇਸ ਸਾਲ ਫੈਡਰਲ ਚੁਣਾਵ ਹੋਵੇ, ਤਾਂ ਉਮੀਦਵਾਰਾਂ ਤੋਂ ਵਰਤਮਾਨ ਜੀ.ਐਸ.ਟੀ. ਵਿੱਚੋਂ ਇੱਕ ਸੈਂਟ ਹੁਣੇ ਹੀ! ਦੇ ਮਾਮਲੇ ਵਿੱਚ ਉਹਨਾਂ ਦੇ ਸਮੱਰਥਨ ਤੇ ਸਵਾਲ ਕਰੋ।**

## ਇਸ ਅੰਦੋਲਨ ਦੀ ਕੀਮਤ ਕੀ ਹੈ?

ਇਸ ਅੰਦੋਲਨ ਦਾ ਬਜਟ ਲੱਗਭੱਗ 150,000 ਡਾਲਰ ਹੈ। ਸਾਰਾ ਖਰਚ ਛਿਪਾਈ ਅਤੇ ਪੇਸ਼ ਕਰਨ ਦਾ ਹੈ।

ਟੋਰਾਂਟੋ, ਹੋਰ ਸ਼ਹਿਰਾਂ ਦੀ ਤਰ੍ਹਾਂ ਜੋ ਇਸ ਵਰਤਮਾਨ ਜੀ.ਐਸ.ਟੀ. ਵਿੱਚੋਂ ਇੱਕ ਸੈਂਟ ਇੱਕ ਸੈਂਟ ਹੁਣੇ ਹੀ! ਅੰਦੋਲਨ ਦਾ ਸਮੱਰਥਨ ਕਰਦੇ ਹਨ, ਇਹੀ ਚਾਹੁੰਦਾ ਹੈ ਕਿ ਇਸ ਅੰਦੋਲਨ ਦੀ ਜਰੂਰਤ ਹੀ ਨਾ ਪਵੇ। ਦਰਅਸਲ, ਅਸੀਂ ਇਸ ਗੱਲ ਲਈ ਕਦਮ ਉਠਾ ਰਹੇ ਹਾਂ ਕਿ ਨਿਵਾਸੀ ਅਤੇ ਵਪਾਰੀ ਇਸ ਅੰਦੋਲਨ ਵਿੱਚ ਵਿਅਕਤੀਗਤ ਰੂਪ ਨਾਲ ਭਾਗ ਲੈਣ, ਇਹ ਨਿਸ਼ਚਤ ਕਰਨ ਲਈ ਕਿ ਇਹ ਸੰਦੇਸ਼ ਹੋਰ ਸਰਕਾਰਾਂ ਤੱਕ ਸਿੱਧਾ ਸਿੱਧਾ ਪਹੁੰਚ ਜਾਵੇ। ਇਹ ਅੰਦੋਲਨ ਨਿਵਾਸੀਆਂ ਨੂੰ ਅਵਸਰ ਦੇਵੇਗਾ ਕਿ ਉਹ ਆਪਣੀ ਸਿਟੀ ਦੇ ਲਈ ਆਪਣੇ ਸਮੱਰਥਨ ਦਾ ਪ੍ਰਦਰਸ਼ਨ ਕਰ ਸਕਣ, ਆਨ-ਲਾਈਨ ਪਟੀਸ਼ਨ ਦੇ ਦੁਆਰਾ ਜਾਂ ਪਾਰਲੀਮੈਂਟ ਨੂੰ ਪੱਤਰ ਭੇਜ ਕੇ। ਟੋਰਾਂਟੋ, ਨਿਵਾਸੀਆਂ ਅਤੇ ਵਪਾਰੀਆਂ ਨੂੰ ਆਪਣੇ ਘਰਾਂ ਲਈ ਸਟਿੱਕਰ ਜਾਂ ਪਿੰਨ ਪ੍ਰਦਾਨ ਕਰੇਗਾ ਜਿਸ ਨੂੰ ਪਹਿਨ ਕੇ ਉਹ ਇੱਕ ਸੈਂਟ **ਹੁਣੇ ਹੀ!** ਅੰਦੋਲਨ ਦੇ ਪ੍ਰਤੀ ਆਪਣਾ ਸਮੱਰਥਨ ਪ੍ਰਦਰਸ਼ਤ ਕਰ ਸਕਣਗੇ। ਅੰਦੋਲਨ ਦੇ ਪ੍ਰਤੀ ਜਾਗਰਤੀ ਵਧਾਉਣ ਲਈ ਸਿਟੀ ਦੀ ਮੁਫਤ ਵਿਗਿਆਪਨ ਦੇ ਮੁਫਤ ਸਥਾਨਾਂ ਤੇ ਵਿਗਿਆਪਨ ਵੀ ਦਿੱਤੇ ਜਾਣਗੇ।